# ਬੱਚਿਆਂ ਲਈ ਬਾਈਬਲ

## ਉਪੱਸਥਿਤ

# ਇੱਕ ਪਿਆਰੇ ਪੁੱਤਰ ਦਾ ਦਾਸ ਬਨਣਾ




ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Byron Unger; Lazarus

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਦਲਿਆ ਗਿਆ : M. Kerr; Sarah S.



ਕਹਾਣੀ 7 ਤ਼ 60

**www.M1914.org**

***Bible for Children,*** *PO Box 3, Winnipeg, MB R3C 2G1 Canada*



ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।



ਪੰਜ਼ਾਬੀ

Punjabi


ਇਸਹਾਕ ਬਹੁਤ ਖੁਸ਼ ਸੀਂ। ਉਸਦਾ ਪੁੱਤਰ ਯਾਕੂਬ ਘਰ ਆਇਆ ਸੀਂ। ਭਾਵੇਂ ਏਸਾਉ ਨੇਂ ਉਸਦਾ ਸਵਾਗਤ ਕੀਤਾ ਪਰ ਇੱਕ ਸਮੇਂ ਉਸ ਨੂੰ ਮਾਰਨ ਦੀ ਪ੍ਰਤੀਗਿਆ ਕੀਤੀ ਸੀਂ। ਪਰ ਯਾਕੂਬ ਦੇ ਪੁੱਤਰ ਯੂਸਫ ਦੇ ਕਾਰਨ ਖੁੱਸ਼ ਨਹੀਂ ਸਨ ਕਿਉਕਿ ਉਹਨਾਂ ਦਾ ਛੋਟਾ ਭਰਾ ਪਿਤਾ
ਦਾ ਪਿਆਰਾ ਸੀਂ।





1

ਜਦ ਯੂਸਫ ਨੇਂ ਆਪਣਾ ਸੁਪਣਾ ਆਪਣੇ ਭਰਾਵਾਂ ਨੂੰ ਦੱਸਿਆ ਤਾਂ ਉਹ ਹੋਰ ਗੁੱਸੇ ਵਿੱਚ ਆ ਗਏ। ਯੂਸਫ ਨੇ ਕਿਹਾ, “ਮੇਰੀ ਭਰੀ ਉੱਠ ਖੜ੍ਹੀ ਹੋਈ ਅਤੇ ਮੇਰੇ ਭਰਾਵਾਂ ਦੀਆਂ ਭਰੀਆਂ ਨੇਂ ਉਹਨੂੰ ਮੱਥਾ ਟੇਕਿਆ।” ਇਸ ਸੁਪਨੇ ਦਾ ਮਤਲਬ ਸੀਂ ਕੀ ਉਹ ਆਪਣੇ ਭਰਾਵਾਂ ਨਾਲੋਂ ਜਿਆਦਾ ਖਾਸ ਹੋਵੇਗਾ।



2

ਯੂਸਫ ਦੇ ਦੂਸਰੇ ਸੁਫਨੇ ਵਿੱਚ, ਸੂਰਜ, ਚੰਦ ਅਤੇ ਤਾਰਿਆਂ ਨੇਂ ਉਸਨੂੰ ਮੱਥਾ ਟੇਕਿਆ। ਇੱਥੋਂ ਤੱਕ ਯਾਕੂਬ ਵੀ ਉਸ ਤੇ ਗੁੱਸਾ ਸੀਂ ਕਿਉਂਕਿ ਉਹ ਆਪਣੇ ਆਪ ਨੂੰ ਆਪਣੇ ਮਾਤਾ-ਪਿਤਾ ਅਤੇ ਭਰਾਵਾਂ ਤੋਂ ਉੱਚਾ ਕਰ ਰਿਹਾ ਸੀਂ।

3



ਇੱਕ ਦਿਨ ਯਾਕੂਬ ਨੇਂ ਯੂਸਫ ਨੂੰ ਉੱਥੇ ਘੱਲਿਆ ਜਿੱਥੇ ਉਸਦੇ ਭਰਾ ਇੱਜੜ ਚਰਾ ਰਹੇ ਸੀਂ। ਉਸਦੇ ਭਰਾਵਾਂ ਨੇ ਉਸਨੂੰ ਆਉਂਦੇ ਵੇਖਿਆ।

4



ਉਹ ਬੁੜਬੁੜਾਏ, “ਚਲੋ ਇਸ ਸੁਫਨੇ ਵੇਖਣ ਵਾਲੇ ਨੂੰ ਮਾਰ ਦੇਈਏ।” ਯੂਸਫ ਆਪਣੇ ਉੱਤੇ ਆਉਣ ਵਾਲੇ ਖਤਰੇ ਨੂੰ ਨਹੀਂ ਜਾਣਦਾ ਸੀਂ।

5



ਵੱਡਾ ਭਰਾ ਰੂਬੇਨ ਸਹਿਮਤ ਨਹੀਂ ਸੀਂ। ਉਸਨੇ ਆਖਿਆ, “ਸਾਨੂੰ ਖ਼ੂੰਨ ਨਹੀ ਬਹਾਉਣਾ ਚਾਹੀਦਾ।” “ਉਹ ਵੇਖੋ ਇੱਕ ਟੋਇਆ। ਇਸ ਨੂੰ ਉਸ ਵਿੱਚ ਮਰਨ ਦਿਉ!” ਰੂਬੇਨ ਨੇਂ ਸ਼ਾਮ ਦੇ ਵੇਲੇ ਯੂਸਫ ਨੂੰ ਬਚਾਉਣ ਦੀ ਯੋਜਨਾ ਬਣਾਈ।

6



ਜਦ ਯੂਸਫ ਪਹੁੰਚਿਆ, ਉਸਦੇ ਭਰਾਵਾਂ ਨੇ ਉਸਨੂੰ ਫੜ ਲਿਆ, ਅਤੇ ਉਹ ਰੰਗਦਾਰ ਕੋਟ ਜਿਹੜਾ ਯਾਕੂਬ ਨੇਂ ਉਚੇਚਾ ਆਪਣੇ ਪਿਆਰੇ ਪੁੱਤਰ ਲਈ ਬਣਵਾਇਆ ਸੀਂ ਲੈ ਲਿਆ। ਤਦ ਉਹਨਾਂ ਨੇਂ ਉਸਨੂੰ ਡਰਾਉਣੇ ਟੋਏ ਵਿੱਚ ਸਿੱਟ ਦਿੱਤਾ।

7



ਜਦੋਂ ਰੂਬੇਨ ਉਥੇ ਨਹੀਂ ਸੀਂ, ਉਸਦਾ ਭਰਾ ਯਹੂਦਾ ਚੀਕਿਆ, ਚਲੋ ਯੂਸਫ ਨੂੰ ਵੇਚ ਦੇਈਏ। ਸੋਦਾ ਹੋ ਗਿਆ ਸੀ। ਉਹਨਾਂ ਨੇ ਯੂਸਫ ਨੂੰ ਚਾਂਦੀ ਦੇ ਵੀਹ ਸਿੱਕਿਆਂ ਲਈ ਵੇਚ ਦਿੱਤਾ।

8




ਰੋਣਹਾਕਾ ਅਤੇ ਡਰਿਆ ਯੂਸਫ ਬੇਵੱਸ ਹੋਇਆ ਵੇਖ ਰਿਹਾ
ਸੀਂ ਕੀ ਲੜਖਾਉਂਦੇ ਊਠ ਉਸਨੂੰ ਉਸਦੇ ਪਰਿਵਾਰ ਅਤੇ
ਵਤਨ ਤੋਂ ਦੂਰ ਲੈਕੇ ਜਾ ਰਹੇ ਸੀਂ।
9


“ਕੀ ਇਹ ਯੂਸਫ ਦਾ ਕੋਟ
ਹੈ? ਇਹ ਖੂਨ ਵਾਲਾ ਹੈ।
ਇਹ ਸਾਨੂੰ ਜੰਗਲ ਵਿੱਚ
ਮਿਲਿਆ ਸੀਂ।” ਜਾਲਮ
ਭਰਾਵਾਂ ਨੇਂ ਯਾਕੂਬ ਨੂੰ
ਵਿਸ਼ਵਾਸ਼ ਦਿਲਾ ਦਿੱਤਾ ਕੀ
ਉਸਦੇ ਪਿਆਰੇ ਪੁੱਤਰ ਨੂੰ
ਜੰਗਲੀ ਜਾਨਵਰ ਨੇਂ ਮਾਰ
ਦਿੱਤਾ ਸੀਂ। ਯਾਕੂਬ ਨੇਂ
ਆਪਣੇ ਕੱਪੜੇ ਫਾੜੇ ਅਤੇ
ਵਿਲਾਪ ਕੀਤਾ।
10


ਮਿਸਰ ਵਿੱਚ, ਯੂਸਫ ਜਰੂਰ
ਇਕੱਲਾ ਅਤੇ ਡਰਿਆ ਮਹਿਸੂਸ
ਕਰਦਾ ਹੋਣਾ। ਹੋ ਸਕਦਾ ਹੈ ਉਹ
ਘਰ ਦੀ ਤਾਂਘ ਵਿੱਚ ਹੋਵੇ। ਪਰ
ਉਹ ਬਚ ਨਹੀਂ ਸਕਦਾ ਸੀਂ। ਉਹ
ਇੱਕ ਖਾਸ ਮਿਸਰੀ ਪੋਟੀਫ਼ਰ ਦੇ
ਘਰ ਵਿੱਚ ਦਾਸ ਸੀਂ ।ਪੋਟੀਫ਼ਰ
ਨੇਂ ਵੇਖਿਆ ਕੀ ਯੂਸਫ ਹਰ ਵੇਲੇ
ਸਖਤ ਮਿਹਨਤ ਕਰਦਾ ਸੀਂ ਅਤੇ
ਵਿਸ਼ਵਾਸ਼ ਦਾ ਯੋਗ ਸੀਂ।
11


ਤੁਸੀਂ ਸਾਰੇ ਬਾਹਰ ਵੱਲ ਕੰਮ ਕਰੋ। ਇੱਕ
ਦਿਨ ਪੋਟੀਫ਼ਰ ਨੇਂ ਯੂਸਫ ਨੂੰ ਆਖਿਆ।
ਪਰਮੇਸ਼ਵਰ ਤੇਰੇ ਨਾਲ ਹੈ। ਮੈਂ ਚਾਹੁੰਦਾ ਹਾਂ
ਕੀ ਤੂੰ ਮੇਰੇ ਸਾਰੇ ਕੰਮ ਉੱਤੇ ਅਤੇ ਸਾਰੇ
ਨੋਕਰਾਂ ਉੱਤੇ ਸੁਆਮੀ ਹੋਵੇਂ।
12


ਯੂਸਫ ਦੇ ਕਾਰਨ ਪਰਮੇਸ਼ਵਰ ਨੇਂ
ਪੋਟੀਫ਼ਰ ਨੂੰ ਚੰਗੀ ਫਸਲ ਅਤੇ ਬਹੁਤ
ਧਨ ਦਿੱਤਾ। ਹੁਣ ਇੱਕ ਖਾਸ ਮਨੁੱਖ
ਯੂਸਫ ਨੇਂ ਹਾਲੇ ਵੀ ਪਰਮੇਸ਼ਵਰ ਦੇ
ਭਰੋਸੇ ਅਤੇ ਵਿਸ਼ਵਾਸ਼ ਨਾਲ ਸੇਵਾ
ਕੀਤੀ। ਪਰ ਯੂਸਫ ਉੱਤੇ
ਮੁਸੀਬਤ ਆਈ।
13


ਪੋਟੀਫ਼ਰ ਦੀ ਪਤਨੀ ਬੁਰੀ ਔਰਤ ਸੀਂ। ਉਸਨੇ ਯੂਸਫ ਨੂੰ ਆਪਣੇ ਪਤੀ
ਦਾ ਸਥਾਨ ਲੈਣ ਲਈ ਆਖਿਆ। ਯੂਸਫ ਨੇਂ ਨਾਂਹ ਕਰ ਦਿੱਤੀ। ਉਹ
ਪਰਮੇਸ਼ਵਰ ਦੇ ਸਾਹਮਣੇ
ਪੋਟੀਫ਼ਰ ਦਾ ਬੁਰਾ
ਨਹੀਂ ਕਰੇਗਾ।
14

ਜਦ ਔਰਤ ਨੇਂ ਉਸ ਨਾਲ ਜਬਰਦਸਤੀ ਕਰਨ ਦੀ ਕੋਸ਼ਿਸ਼ ਕੀਤੀ, ਉਹ ਭੱਜ ਗਿਆ। ਪਰ ਉਸ ਨੇਂ ਉਸ ਦਾ ਕੋਟ ਫੜ ਲਿਆ।



15

"ਤੇਰੇ ਨੋਕਰ ਨੇਂ ਮੇਰੇ ਉੱਤੇ ਹਮਲਾ ਕੀਤਾ ਹੈ," ਪੋਟੀਫ਼ਰ ਦੀ ਪਤਨੀ ਨੇਂ ਸ਼ਿਕਾਇਤ ਕੀਤੀ। "ਇਹ ਵੇਖ, ਇਹ ਉਹਦਾ ਕੋਟ!"



16

ਪੋਟੀਫ਼ਰ ਨੂੰ ਗੁੱਸਾ ਆਇਆ। ਸ਼ਾਇਦ ਉਹ ਜਾਣਦਾ ਸੀਂ ਕੀ ਉਸਦੀ ਪਤਨੀ ਝੂਠ ਬੋਲ ਰਹੀ ਸੀਂ। ਪਰ ਉਸਨੂੰ ਕੁਝ ਕਰਨਾ ਚਾਹੀਦਾ ਸੀਂ। ਉਹ ਕੀ ਕਰੇਗਾ?



17

ਪੋਟੀਫ਼ਰ ਨੇਂ ਯੂਸਫ ਨੂੰ ਜੇਲ ਵਿੱਚ ਸੁੱਟ ਦਿੱਤਾ। ਭਾਂਵੇਂ ਉਹ ਨਿਰਦੋਸ਼ ਸੀਂ, ਯੂਸਫ ਨਾਂ ਹੀ ਕ੍ਰੋਧਵਾਨ ਅਤੇ ਨਾਂ ਹੀ ਕੌੜਾ ਸੀਂ।



18

ਇੱਕ ਪਿਆਰੇ ਪੁੱਤਰ ਦਾ ਦਾਸ ਬਨਣਾ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਉੱਤਪਤੀ ਦੀ ਕਿਤਾਬ 37, ਉੱਤਪਤੀ ਦੀ ਕਿਤਾਬ 39

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੋਤ ਹੈ।

ਪਰਮੇਸ਼ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ਼ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜ਼ੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ਼ਵਰ ਨੂੰ ਆਖੋ : ਪਿਆਰੇ ਪਰਮੇਸ਼ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ,
ਆਮੀਨ। ਯਹੂੰਨਾ ਦੀ ਇੰਜ਼ੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।